# ਪੰਜਾਬ ਸਕੂਲ ਸਿੱਖਿਆ ਬੋਰਡ

## ਪ੍ਰੈਸ ਨੋਟ

### ਪੰਜਵੀਂ ਅਤੇ ਅੱਠਵੀਂ ਸ਼੍ਰੇਣੀ ਅਨੁਪੂਰਕ (ਰੀ-ਅਪੀਅਰ) ਪਰੀਖਿਆ ਅਗਸਤ 2022

ਪੰਜਾਬ ਸਕੂਲ ਸਿੱਖਿਆ ਬੋਰਡ ਦੀ ਪੰਜਵੀਂ ਸ਼੍ਰੇਣੀ ਅਨੁਪੂਰਕ (ਰੀ-ਅਪੀਅਰ) ਦੀ ਲਿਖਤੀ ਪਰੀਖਿਆ ਮਿਤੀ 12-08-2022 ਤੋਂ 22-08-2022 ਤੱਕ ਅਤੇ ਅੱਠਵੀਂ ਸ਼੍ਰੇਣੀ ਅਨੁਪੂਰਕ (ਰੀ-ਅਪੀਅਰ) ਦੀ ਲਿਖਤੀ ਪਰੀਖਿਆ ਮਿਤੀ 12-08-2022 ਤੋਂ 26-08-2022 ਤੱਕ ਕਰਵਾਈਆਂ ਜਾਣਗੀਆਂ। ਇਹ ਪਰੀਖਿਆ ਸਵੇਰੇ 10:00 ਵਜੇ ਤੋਂ ਸ਼ੁਰੂ ਹੋਵੇਗੀ।

ਪੰਜਵੀਂ ਸ਼੍ਰੇਣੀ ਦੀ ਪਰੀਖਿਆ ਸੈਲਫ ਪਰੀਖਿਆ ਕੇਂਦਰਾਂ ਵਿੱਚ ਅਤੇ ਅੱਠਵੀਂ ਸ਼੍ਰੇਣੀ ਦੀ ਪਰੀਖਿਆ ਬੋਰਡ ਵੱਲੋਂ ਸਥਾਪਿਤ ਕੀਤੇ ਪਰੀਖਿਆ ਕੇਂਦਰਾਂ ਵਿੱਚ ਕਰਵਾਈ ਜਾਵੇਗੀ।

ਪੰਜਵੀਂ ਸ਼੍ਰੇਣੀ ਦੀ ਪਰੀਖਿਆ ਸੈਲਫ ਪਰੀਖਿਆ ਕੇਂਦਰਾਂ ਵਿੱਚ ਭਾਵ ਪਰੀਖਿਆਰਥੀ ਨੇ ਸਲਾਨਾ ਮਾਰਚ 2022 ਦੀ ਪਰੀਖਿਆ ਜਿਸ ਸਕੂਲ ਵਿੱਚ ਦਿੱਤੀ ਹੈ,ਅਨੁਪੂਰਕ (ਰੀ-ਅਪੀਅਰ) ਦੀ ਪਰੀਖਿਆ ਵੀ ਉਸ ਸਕੂਲ ਵਿੱਚ ਹੀ ਹੋਵੇਗੀ। ਪੰਜਵੀਂ ਸ਼੍ਰੇਣੀ ਦੇ ਸਕੂਲ ਮੁੱਖੀ ਰੀ-ਅਪੀਅਰ ਦੀ ਪਰੀਖਿਆ ਦੇਣ ਵਾਲੇ ਪਰੀਖਿਆਰਥੀਆਂ ਨੂੰ ਪਰੀਖਿਆ ਕੇਂਦਰ ਬਾਰੇ ਸੂਚਿਤ ਕਰਨਾ ਵੀ ਯਕੀਨੀ ਬਣਾਉਣਗੇ। ਪਰੀਖਿਆਵਾਂ ਕੋਵਿਡ-19 ਨੂੰ ਧਿਆਨ ਵਿੱਚ ਰੱਖਦੇ ਹੋਏ ਕਰਵਾਈਆਂ ਜਾਣਗੀਆਂ।

ਇਹਨਾਂ ਸ਼੍ਰੇਣੀਆਂ ਦੀ ਡੇਟ ਸ਼ੀਟ ਅਤੇ ਹੋਰ ਵਧੇਰੇ ਜਾਣਕਾਰੀ ਬੋਰਡ ਦੀ ਵੈੱਬਸਾਈਟ www.pseb.ac.in ਤੇ ਵੀ ਉਪਲੱਬਧ ਹੈ।

19.07.2022

(ਜੇ.ਆਰ.ਮਹਿਰੋਕ)

ਕੰਟਰੋਲਰ ਪਰੀਖਿਆਵਾਂ

ਪੰਜਾਬ ਸਕੂਲ ਸਿੱਖਿਆ ਬੋਰਡ।

ਸਾਹਿਬਜਾਦਾ ਅਜੀਤ ਸਿੰਘ ਨਗਰ।

ਮਿਤੀ- 19-07-2022